getting it right for every child

NHS Lothian

# ਪਹਿਲੇ ਸ਼ਬਦ

**ਸਭ ਤੋਂ ਪਹਿਲਾਂ, ਤੁਹਾਡੇ ਬੱਚੇ ਨੂੰ ਲਾਜ਼ਮੀ ਤੌਰ ਤੇ ਇਹਨਾਂ ਬਾਰੇ ਸਿੱਖਣਾ ਚਾਹੀਦਾ ਹੈ: -**




- ਸੁਣਨਾ
- ਸਮਝਣਾ
- ਯਾਦ ਕਰਨਾ
- ਵਾਰੀ ਲੈਣੀ

**ਫੇਰ** ਤੁਹਾਡਾ ਬੱਚਾ ਸ਼ਬਦ ਬੋਲਣ ਦੀ ਕੋਸ਼ਿਸ਼ ਲਈ ਤਿਆਰ ਹੋਵੇਗਾ।

❖ ਬੱਚਿਆਂ ਨੂੰ ਵਾਰ-ਵਾਰ ਸ਼ਬਦ ਸੁਣਨ ਦੀ ਲੋੜ ਪੈਂਦੀ ਹੈ, ਇਸ ਤੋਂ ਪਹਿਲਾਂ ਕਿ ਉਹ ਉਹਨਾਂ ਨੂੰ ਸਮਝਣ ਦੀ ਸ਼ੁਰੂਆਤ ਕਰਨ ਅਤੇ ਉਹਨਾਂ ਦਾ ਇਸਤੇਮਾਲ ਕਰ ਸਕਣ। ਸ਼ੁਰੂਆਤ ਵਿੱਚ ਉਹ ਕੁਝ ਕਹਿ ਸਕਣ ਦੀ ਬਜਾਏ ਜ਼ਿਆਦਾ ਸਮਝਣਗੇ।

❖ ਬੱਚੇ ਅਕਸਰ ਉਹਨਾਂ ਖਿਡੌਣਿਆਂ, ਭੋਜਨ, ਜਾਨਵਰਾਂ ਅਤੇ ਵਿਅਕਤੀਆਂ ਨਾਲ ਜੁੜੇ ਸ਼ਬਦਾਂ ਰਾਹੀਂ ਸ਼ੁਰੂਆਤ ਕਰਨਗੇ ਜਿਹਨਾਂ ਵਿੱਚ ਉਹਨਾਂ ਦੀ ਦਿਲਚਸਪੀ ਹੁੰਦੀ ਹੈ। ਉਹਨਾਂ ਦੀ ਦਿਲਚਸਪੀ ਨੂੰ ਦੇਖੋ ਅਤੇ ਉਹਨਾਂ ਸ਼ਬਦਾਂ ਵੱਲ ਧਿਆਨ ਕੇਂਦਰਤ ਕਰੋ ਜਿਹੜੇ ਉਹਨਾਂ ਨੂੰ ਪ੍ਰੇਰਣਾਦਾਇਕ ਲੱਗਦੇ ਹਨ।

❖ ਖੇਡ ਦੌਰਾਨ ਅਤੇ ਹਰ ਰੋਜ਼ ਦੀਆਂ ਸਥਿਤੀਆਂ ਵਿੱਚ ਜਾਣੀਆਂ-ਪਹਿਚਾਣੀਆਂ ਚੀਜ਼ਾਂ ਵੱਲ ਇਸ਼ਾਰਾ ਕਰੋ ਅਤੇ ਉਹਨਾਂ ਦਾ ਨਾਮ ਲਵੋ। ਉਹਨਾਂ ਦੀ ਮਦਦ ਲਈ ਇਸ਼ਾਰਿਆਂ ਦਾ ਇਸਤੇਮਾਲ ਕਰੋ ਮਿਸਾਲ ਲਈ "ਸਾਰੇ ਗਏ'' ਦਾ ਇਸ਼ਾਰਾ ਕਰਨ ਲਈ ਆਪਣੀਆਂ ਹਥੇਲੀਆਂ ਨੂੰ ਉਪਰ ਵੱਲ ਨੂੰ ਖੋਲ੍ਹ ਕੇ ਦਿਖਾਓ।
**ਬੀਪ ਬੀਪ (ਟੀਂ-ਟੀਂ)** ਇਹ ਉਸ ਸਮੇਂ ਕਹੋ ਜਦੋਂ ਤੁਸੀਂ ਖਿਡੌਣਾ ਕਾਰ ਨਾਲ ਖੇਡਦੇ ਹੋ ਜਾਂ ਜਦੋਂ ਤੁਸੀਂ ਸੜਕ ਦੇ ਨਾਲ-ਨਾਲ ਚਲ ਰਹੇ ਹੁੰਦੇ ਹੋ।
**ਕੁਐਕ ਕੁਐਕ** ਕਿਤਾਬ ਵਿੱਚ ਬੱਤਖਾਂ ਬਾਰੇ ਗੱਲ ਕਰੋ; ਆਪਣੇ ਸਥਾਨਕ ਤਲਾਅ ਤੇ ਬੱਤਖਾਂ ਨੂੰ ਭੋਜਨ ਦਿਓ।

**ਹੈਲੋ/ਬਾਏ** ਖਿਡੌਣੇ ਟੈਲੀਫੋਨ ਤੇ ਗੱਲ ਕਰੋ; ਉਹਨਾਂ ਨੂੰ ਦਾਦੀ/ਨਾਨੀ ਵੱਲ ਹੱਥ ਹਿਲਾ ਕੇ ਬਾਏ-ਬਾਏ ਕਹਿਣ ਲਈ ਉਤਸਾਹਿਤ ਕਰੋ।

**ਦੁਬਾਰਾ** ਆਪਣੇ ਬੱਚੇ ਤੋਂ ਪੁੱਛੋ ਕਿ ਕੀ ਉਹ ਆਪਣੀ ਪਸੰਦੀਦਾ ਖੇਡ "ਦੁਬਾਰਾ'' ਚਾਹੁੰਦਾ ਹੈ ਮਿਸਾਲ ਲਈ ਗੁਦਗੁਦਾਉਣਾ, ਬੁਲਬੁਲੇ, ਇੱਟਾਂ ਦਾ ਟਾਵਰ

**ਉਪਰ** ਉਹਨਾਂ ਨੂੰ ਉਹਨਾਂ ਦੇ ਪਾਲਣੇ ਤੋਂ ਬਾਹਰ ਚੁੱਕਦੇ ਹੋਏ; ਪੌੜੀਆਂ ਉਪਰ ਜਾਂਦੇ ਹੋਏ।

**ਸਾਰੇ ਗਏ** ਕੰਬਲ ਦੇ ਨੀਚੇ ਖਿਡੌਣੇ ਛੁਪਾ ਦਿਓ; ਉਹਨਾਂ ਦਾ ਰਾਤ ਦਾ ਖਾਣਾ ਖਤਮ ਕਰਦੇ ਹੋਏ।

- ਇੱਕ ਸ਼ਬਦ ਕਹੋ ਅਤੇ ਉਡੀਕ ਕਰੋ - ਆਪਣੇ ਬੱਚੇ ਨੂੰ ਕੋਸ਼ਿਸ਼ ਕਰਨ ਅਤੇ ਇਸ ਦੀ ਨਕਲ ਕਰਨ ਲਈ ਸਮਾਂ ਦਿਓ।

- ਕਈ ਵਾਰੀ ਤੁਹਾਡਾ ਬੱਚਾ ਨਵਾਂ ਸ਼ਬਦ ਨਹੀਂ ਬੋਲ ਸਕਦਾ। ਇਹ ਅਹਿਮ ਹੁੰਦਾ ਹੈ ਕਿ ਉਸ ਸ਼ਬਦ ਦੀ ਕੋਸ਼ਿਸ਼ ਲਈ ਉਹਨਾਂ ਤੇ ਜੋਰ ਪਾ ਕੇ ਬੱਚੇ ਨੂੰ ਦਬਾਅ ਹੇਠ ਨਾ ਲਿਆਂਦਾ ਜਾਵੇ।

- ਕਿਸੇ ਵੀ ਸ਼ਬਦ ਦੀ ਕੋਸ਼ਿਸ਼ ਲਈ ਉਤਸਾਹਿਤ ਕਰਕੇ ਆਪਣੇ ਬੱਚੇ ਦਾ ਹੌਸਲਾ ਵਧਾਓ। ਜੇ ਤੁਹਾਡੇ ਬੱਚੇ ਦੇ ਸ਼ਬਦ ਸ਼ੁਰੂ ਵਿੱਚ ਸਪਸ਼ਟ ਨਹੀਂ ਹੁੰਦੇ ਤਾਂ ਚਿੰਤਾ ਨਾ ਕਰੋ। ਜਦੋਂ ਤੁਸੀਂ ਸੋਚਦੇ ਹੋ ਕਿ ਤੁਸੀਂ ਇੱਕ ਸ਼ਬਦ ਸੁਣਿਆ ਹੈ ਤਾਂ ਮੰਨ ਲਵੋ ਕਿ ਤੁਸੀਂ ਸੁਣਿਆ ਹੈ ਅਤੇ ਇਸ ਨੂੰ ਦੁਹਰਾਓ ਮਿਸਾਲ ਲਈ "ਨਾ" "ਹਾਂ, ਬਨਾਨਾ (ਕੇਲਾ) "।

- ਆਪਣੇ ਬੱਚੇ ਨੂੰ ਚੋਣ (ਵਿਕਲਪ) ਦੇ ਕੇ ਉਸ ਦੀ ਮਦਦ ਕਰੋ। ਇਸ ਨਾਲ ਉਸ ਨੂੰ ਪਹਿਲਾਂ ਸ਼ਬਦ ਸੁਣਨ ਅਤੇ ਜਵਾਬ ਦੇਣ ਦੀ ਕੋਸ਼ਿਸ਼ ਕਰਨ ਦੀ ਖੁੱਲ੍ਹ ਮਿਲੇਗੀ ਮਿਸਾਲ ਲਈ "ਕੀ ਤੁਸੀਂ ਦੁੱਧ ਜਾਂ ਪਾਣੀ ਲੈਣਾ ਚਾਹੁੰਦੇ ਹੋ?"

- ਸ਼ਬਦ ਬੋਲਣ ਵਾਸਤੇ ਕੋਸ਼ਿਸ਼ ਕਰਨ ਲਈ ਆਪਣੇ ਬੱਚੇ ਦੀ ਖ਼ੂਬ ਤਾਰੀਫ਼ ਕਰੋ।

